I/156229/2026 PSEB-AFF0S031(T002)/3/2026-AS 09-AFF BRANCH-PSEB

**ਪੰਜਾਬ ਸਕੂਲ ਸਿੱਖਿਆ ਬੋਰਡ**

(ਐਫੀਲੀਏਸ਼ਨ ਸ਼ਾਖਾ)

ਵੱਲ

ਸੰਬੰਧਤ ਸਕੂਲ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੀਆਂ ਐਫੀਲੀਏਟਿਡ ਸੰਸਥਾਵਾਂ।

ਪੱਤਰ ਨੰ: (412401)ਪਸਸਬ-ਐਫੀ-2026/ 1178 ਮਿਤੀ: 23/07/26

ਵਿਸ਼ਾ:- ਵਾਧੂ ਸੈਕਸ਼ਨ ਲਈ ਅਪਲਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਕੁੱਝ ਸੰਸਥਾਵਾਂ ਵੱਲੋਂ ਸੈਸ਼ਨ 2025-26 ਦੌਰਾਨ 9ਵੀਂ ਅਤੇ 11ਵੀਂ ਸ਼੍ਰੇਣੀ ਵਿੱਚ ਦਾਖਲ ਵਿਦਿਆਰਥੀਆਂ ਦੇ ਅਧਾਰ ਤੇ ਸੈਸ਼ਨ 2026-27 ਲਈ ਐਫੀਲੀਏਸ਼ਨ ਵਿਨਿਯਮ 20(a) ਅਧੀਨ ਵਾਧੂ ਸੈਕਸ਼ਨ ਲੈਣ ਸਬੰਧੀ 15 ਸਤੰਬਰ 2025 ਤੱਕ ਐਫੀਲੀਏਸ਼ਨ ਪੋਰਟਲ ਤੇ ਅਪਲਾਈ ਨਹੀਂ ਕੀਤਾ ਗਿਆ। ਅਜਿਹੀਆਂ ਸੰਸਥਾਵਾਂ ਦੇ ਵਾਧੂ ਦਾਖਲ ਵਿਦਿਆਰਥੀਆਂ ਦਾ ਸੈਸ਼ਨ 2026-27 ਦੌਰਾਨ 10ਵੀਂ ਅਤੇ 12ਵੀਂ ਦਾ ਦਾਖਲਾ/ਰਜਿਸਟ੍ਰੇਸ਼ਨ ਨਹੀਂ ਹੋ ਪਾ ਰਹੀ। ਇਸ ਸਬੰਧੀ ਦਫਤਰ ਵਿੱਚ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਅਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਸੰਸਥਾਵਾਂ ਨੂੰ ਵਾਧੂ ਸੈਕਸ਼ਨ ਲੈਣ ਲਈ ਆਨ ਲਾਈਨ ਅਪਲਾਈ ਕਰਨ ਦਾ ਇਕ ਮੌਕਾ ਦਿੱਤਾ ਜਾਂਦਾ ਹੈ।

**ਵਾਧੂ ਸੈਕਸ਼ਨ ਲੈਣ ਲਈ ਅਪਲਾਈ ਕਰਨ ਸਬੰਧੀ ਫੀਸ ਦਾ ਸ਼ਡਿਊਲ:-**

| ਮਿਤੀ | ਫੀਸ |
|---|---|
| 27-07-2026 | 50,000/- ਰੁਪਏ ਫੀਸ + 20,000 ਜੁਰਮਾਨਾ + 18 % ਜੀ.ਐੱਸ.ਟੀ (ਜਿਹੜੀਆਂ ਸੰਸਥਾਵਾਂ ਸੈਸ਼ਨ 2026-27 ਲਈ ਵਾਧੂ ਸੈਕਸ਼ਨ ਦਾ ਕੇਸ ਅਪਲਾਈ ਕਰਨਗੀਆਂ, ਉਹਨਾਂ ਸੰਸਥਾਵਾਂ ਦਾ ਫਿਜ਼ੀਕਲ ਨਿਰੀਖਣ ਕਰਵਾਉਣ ਉਪਰੰਤ ਵਾਧੂ ਸੈਕਸ਼ਨ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।) |

**ਨੋਟ:-** ਸੰਸਥਾਵਾਂ ਸੈਸ਼ਨ 2025-26 ਦਾ ਸਕੂਲ ਪੋਰਟਲ (registration2025.pseb.ac.in/login) ਖੋਲਣ ਉਪਰੰਤ School Profile ਅਧੀਨ Apply Additional Section ਤੇ ਜਾ ਕੇ ਵਾਧੂ ਸੈਕਸ਼ਨ ਲਈ ਆਨ ਲਾਈਨ ਅਪਲਾਈ ਕਰਨਗੀਆਂ।

Balwinder Singh

ਸਹਾਇਕ ਸਕੱਤਰ,
ਐਫੀਲੀਏਸ਼ਨ

Scanned with OKEN Scanner